**WORK SAFE BC** | ਨਿਊਜ਼ ਰੀਲੀਜ਼

# WorkSafeBC (ਵਰਕਸੇਫ ਬੀ.ਸੀ.) ਵੱਲੋਂ ਕੰਮ-ਮਾਲਕਾਂ ਨੂੰ ਅਪੀਲ ਕਿ ਉਹ ਬੀ.ਸੀ. ਵਿੱਚ ਸੀਤ ਲਹਿਰ ਦੀ ਭਵਿੱਖਬਾਣੀ ਕਾਰਣ ਕਾਮਿਆਂ ਨੂੰ ਠੰਡ ਦੇ ਖ਼ਤਰਿਆਂ ਤੋਂ ਸੁਰੱਖਿਅਤ ਰੱਖਣ

## WorkSafeBC urges employers to safeguard workers against winter hazards as cold snap forecast for B.C.

*ਠੰਡੇ ਤਾਪਮਾਨ ਅਤੇ ਬਰਫੀਲੇ ਹਾਲਾਤ ਦੀ ਭਵਿੱਖਬਾਣੀ ਨੂੰ ਦੇਖਦੇ ਹੋਏ, ਕੰਮ-ਮਾਲਕਾਂ ਨੂੰ ਯਾਦ ਕਰਵਾਇਆ ਜਾਂਦਾ ਹੈ ਕਿ ਉਹ ਠੰਡ ਨਾਲ ਸੰਬੰਧਤ ਖ਼ਤਰਿਆਂ ਦਾ ਮੁਲਾਂਕਣ ਕਰਨ ਅਤੇ ਕਾਮਿਆਂ ਨੂੰ ਸਲਾਮਤ ਰੱਖਣ ਲਈ ਸੁਰੱਖਿਆ ਉਪਾਅ ਲਾਗੂ ਕਰਨ।*

**ਰਿੱਚਮੰਡ, ਬੀ.ਸੀ.** (**10 ਜਨਵਰੀ 2024**) – ਬੀ.ਸੀ. ਦੇ ਕਈ ਇਲਾਕਿਆਂ ਵਿੱਚ ਠੰਡੇ ਤਾਪਮਾਨ ਅਤੇ ਸੀਤ ਲਹਿਰ ਦੀ ਭਵਿੱਖਬਾਣੀ ਦੇ ਚਲਦੇ, WorkSafeBC ਵੱਲੋਂ ਕੰਮ-ਮਾਲਕਾਂ ਨੂੰ ਯਾਦ ਕਰਵਾਇਆ ਜਾ ਰਿਹਾ ਹੈ ਕਿ ਉਹ ਆਪਣੇ ਕਾਮਿਆਂ ਨੂੰ ਸਰਦੀਆਂ ਦੇ ਮੌਸਮ ਨਾਲ ਸੰਬੰਧਤ ਖ਼ਤਰਿਆਂ ਤੋਂ ਸੁਰੱਖਿਅਤ ਰੱਖਣ।

ਪ੍ਰੀਵੈਨਸ਼ਨ ਫੀਲਡ ਸਰਵਿਸਿਜ਼ ਦੀ ਸੀਨੀਅਰ ਮੈਨੇਜਰ ਸੁਜ਼ਾਨਾ ਪ੍ਰਿਪਿਕ ਕਹਿੰਦੀ ਹਨ, "ਸਰਦੀਆਂ ਦੇ ਮੌਸਮ ਦੌਰਾਨ ਠੰਡ ਲੱਗਣ ਕਰਕੇ ਹੋਣ ਵਾਲੇ ਸਰੀਰਕ ਤਣਾਅ, ਫਰੌਸਟਬਾਈਟ (ਠੰਡ ਕਾਰਣ ਚਮੜੀ ਹੇਠਾਂ ਖ਼ੂਨ ਜੰਮ ਜਾਣਾ), ਹਾਈਪੋਥਰਮੀਆ (ਸਰੀਰ ਦਾ ਤਾਪਮਾਨ ਆਮ ਨਾਲੋਂ ਘੱਟ ਹੋ ਜਾਣਾ), ਬਰਫੀਲੀਆਂ ਅਤੇ ਤਿਲਕਣ ਵਾਲੀਆਂ ਸਤਹਾਂ ਕਾਰਣ ਡਿੱਗਣ ਦੇ ਖ਼ਤਰੇ ਵਿੱਚ ਵਾਧਾ ਹੋ ਜਾਂਦਾ ਹੈ।" ਇਸ ਤੋਂ ਇਲਾਵਾ, ਉਨ੍ਹਾਂ ਨੇ ਕਿਹਾ, "ਸਰਦੀਆਂ ਦੌਰਾਨ ਸੂਬੇ ਭਰ ਵਿੱਚ ਡਰਾਈਵਿੰਗ ਦੇ ਹਾਲਾਤ ਖ਼ਤਰਨਾਕ ਹੋ ਸਕਦੇ ਹਨ – ਇੱਥੋਂ ਤਕ ਕਿ ਠੰਡਾ ਤਾਪਮਾਨ, ਤਿਲਕਵੀਆਂ ਸੜਕਾਂ ਅਤੇ ਘੱਟ ਦ੍ਰਿਸ਼ਟੀ ਸਭ ਤੋਂ ਤਜਰਬੇਕਾਰ ਡਰਾਈਵਰਾਂ ਲਈ ਵੀ ਚੁਣੌਤੀਪੂਰਣ ਹੋ ਸਕਦੀ ਹੈ।"

ਮੌਸਮ ਦੇ ਹਾਲਾਤ ਬਦਲਣ ਨਾਲ ਕੰਮ-ਮਾਲਕ ਆਪਣੇ ਕਾਮਿਆਂ ਦੀ ਰੱਖਿਆ ਲਈ ਅਗਾਊਂ ਕਦਮ ਚੁੱਕਣ ਲਈ ਜ਼ਿੰਮੇਵਾਰ ਹਨ – ਜਿਨ੍ਹਾਂ ਵਿੱਚ ਖ਼ਤਰੇ ਦਾ ਬਾਕਾਇਦਾ ਮੁਲਾਂਕਣ ਕਰਨਾ ਅਤੇ ਉਨ੍ਹਾਂ ਖ਼ਤਰਿਆਂ ਨੂੰ ਕਾਬੂ ਕਰਨ ਲਈ ਢੁੱਕਵੇਂ ਉਪਾਅ ਲਾਗੂ ਕਰਨਾ ਸ਼ਾਮਲ ਹਨ।

### ਖ਼ਤਰਿਆਂ ਨੂੰ ਸਮਝਣਾ Understanding the Risks

ਸਾਲ 2013 ਅਤੇ 2023 ਵਿਚਕਾਰ, ਬੀ.ਸੀ. ਵਿੱਚ ਫਰੌਸਟਬਾਈਟ, ਹਾਈਪੋਥਰਮੀਆ ਅਤੇ ਰਗੜਾਂ ਲੱਗਣ ਸਮੇਤ ਠੰਡ ਸੰਬੰਧੀ ਤਣਾਅ ਕਾਰਣ ਥੁਜ਼ੜ-ਚਿਰੀ ਡਿਸਅਬਿਲਟੀ ਅਤੇ ਲੰਮੇ-ਮਿਆਦ ਦੀ ਡਿਸਅਬਿਲਟੀ ਦੇ 167 ਕਲੇਮ ਮਨਜ਼ੂਰ ਕੀਤੇ ਗਏ ਸਨ। ਇਸ ਤੋਂ ਇਲਾਵਾ, ਕਿਸੇ ਵੀ ਹੋਰ ਤਿੰਨ ਮਹੀਨਿਆਂ ਦੇ ਸਮੇਂ ਦੇ ਮੁਕਾਬਲੇ ਨਵੰਬਰ, ਦਸੰਬਰ ਅਤੇ ਜਨਵਰੀ ਦੌਰਾਨ ਕੰਮ ਸੰਬੰਧੀ ਮੋਟਰ ਗੱਡੀਆਂ ਦੇ ਵੀ ਜ਼ਿਆਦਾ ਹਾਦਸੇ ਹੁੰਦੇ ਹਨ।

ਸਰਦੀਆਂ ਨਾਲ ਸੰਬੰਧਤ ਪ੍ਰਮੁੱਖ ਖ਼ਤਰਿਆਂ ਵਿੱਚ ਸ਼ਾਮਲ ਹਨ:

- **ਠੰਡ ਕਾਰਣ ਤਣਾਅ ਅਤੇ ਹਾਈਪੋਥਰਮੀਆ**: ਲੰਮੇ ਸਮੇਂ ਤਕ ਠੰਡੇ ਤਾਪਮਾਨ ਦੇ ਸੰਪਰਕ ਵਿੱਚ ਰਹਿਣ ਕਾਰਣ ਠੰਡ ਕਰਕੇ ਸਰੀਰਕ ਤਣਾਅ ਅਤੇ ਹਾਈਪੋਥਰਮੀਆ (ਸਰੀਰ ਦਾ ਤਾਪਮਾਨ ਆਮ ਨਾਲੋਂ ਘਟਣਾ) ਹੋ ਸਕਦਾ ਹੈ, ਜਿਸ ਕਾਰਣ ਸਰੀਰਕ ਅਤੇ ਮਾਨਸਿਕ ਸਲਾਮਤੀ, ਦੋਵਾਂ ਉੱਪਰ ਅਸਰ ਪੈਂਦਾ ਹੈ। ਜਲਦੀ ਦਖ਼ਲਅੰਦਾਜ਼ੀ ਲਈ ਇਨ੍ਹਾਂ ਹਾਲਾਤ ਦੇ ਸੰਕੇਤਾਂ ਨੂੰ ਪਛਾਣ ਸਕਣਾ ਮਹੱਤਵਪੂਰਣ ਹੈ।
- **ਫਰੌਸਟਬਾਈਟ**: ਜ਼ੀਰੋ ਡਿਗਰੀ ਤੋਂ ਘੱਟ ਤਾਪਮਾਨ ਵਿੱਚ, ਨੰਗੀ ਚਮੜੀ ਉੱਪਰ ਫਰੌਸਟਬਾਈਟ ਹੋਣ ਦਾ ਖ਼ਤਰਾ ਹੁੰਦਾ ਹੈ ਜਿਸ ਕਾਰਣ ਟਿਸ਼ੂਆਂ ਨੂੰ ਗੰਭੀਰ ਨੁਕਸਾਨ ਹੋ ਸਕਦਾ ਹੈ। ਢੁੱਕਵੇਂ ਗਰਮ ਕੱਪੜੇ ਅਤੇ ਬ੍ਰੇਕ ਲੈ ਕੇ ਸਮੇਂ-ਸਮੇਂ ਸਿਰ ਨਿੱਘੀ ਥਾਂ ਵਿੱਚ ਜਾਣ ਸਮੇਤ ਲੋੜੀਂਦੇ ਸੁਰੱਖਿਆ ਉਪਾਅ ਇਸ ਖ਼ਤਰੇ ਨੂੰ ਘਟਾ ਸਕਦੇ ਹਨ।
- **ਬਰਫੀਲੀਆਂ ਸਤਹਾਂ**: ਤਿਲਕਵੀਆਂ ਅਤੇ ਬਰਫੀਲੀਆਂ ਸਤਹਾਂ ਕਾਰਣ ਤਿਲਕਣ, ਲੜਖੜਾਉਣ ਅਤੇ ਡਿੱਗਣ ਦਾ ਖ਼ਤਰਾ

ਵਧਦਾ ਹੈ। ਸੱਟਾਂ ਤੋਂ ਬਚਾਅ ਲਈ ਕੰਮ-ਮਾਲਕਾਂ ਨੂੰ ਵਾਕਵੇਅਜ਼ ਨੂੰ ਬਰਫ਼-ਮੁਕਤ ਕਰਨ ਲਈ ਅਗਾਊਂ ਉਪਾਅ ਅਤੇ ਕਾਮਿਆਂ ਨੂੰ ਢੁੱਕਵੀਆਂ ਜੁੱਤੀਆਂ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ।

- **ਸਰਦੀਆਂ ਵਿੱਚ ਗੱਡੀ ਚਲਾਉਣੀ**: ਜਿਹੜੇ ਲੋਕ ਆਪਣੇ ਕੰਮ ਦੇ ਹਿੱਸੇ ਵਜੋਂ ਗੱਡੀ ਚਲਾਉਂਦੇ ਹਨ ਉਨ੍ਹਾਂ ਨੂੰ ਮੌਜੂਦਾ ਮੌਸਮ ਅਤੇ ਸੜਕਾਂ ਦੀ ਹਾਲਤ ਬਾਰੇ ਜਾਣਕਾਰੀ ਨੂੰ ਦੇਖ ਕੇ ਯੋਜਨਾ ਬਣਾਉਣੀ ਚਾਹੀਦੀ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਗੱਡੀਆਂ ਹਾਲਾਤ ਮੁਤਾਬਕ ਸਹੀ ਢੰਗ ਨਾਲ ਲੈਸ ਹੋਣ ਅਤੇ ਉਨ੍ਹਾਂ ਦੀ ਸਹੀ ਸਾਂਭ-ਸੰਭਾਲ ਕੀਤੀ ਹੋਈ ਹੋਵੇ।

**ਮੁਲਾਂਕਣ ਦੇ ਤਰੀਕੇ ਨੂੰ ਆਪਣੇ ਕੰਮ ਮੁਤਾਬਕ ਢਾਲ਼ ਲਓ Tailor risk assessments**

ਵੱਖ-ਵੱਖ ਉਦਯੋਗਾਂ ਅਤੇ ਕਿੱਤਿਆਂ ਲਈ ਸਰਦੀਆਂ ਦੇ ਹਾਲਾਤ ਨਾਲ ਜੁੜੇ ਖ਼ਤਰੇ ਵੱਖ-ਵੱਖ ਹੁੰਦੇ ਹਨ। ਠੰਡੇ ਮੌਸਮ ਦੇ ਸੰਪਰਕ ਦੇ ਖ਼ਤਰੇ ਵਾਲੇ ਕਾਮਿਆਂ ਵਿੱਚ ਟਰੱਕ ਡਰਾਈਵਰ, ਮਨਪਰਚਾਵੇ ਵਾਲੀਆਂ ਗਤੀਵਿਧੀਆਂ ਦੇ ਇੰਸਟ੍ਰਕਟਰ, ਓਪਰੇਟਰ ਅਤੇ ਅਟੈਂਡੈਂਟ, ਕੰਸਟ੍ਰਕਸ਼ਨ ਕਾਮੇ, ਅਤੇ ਯੂਟਿਲਟੀ ਅਤੇ ਮੇਂਟਨੈਂਸ ਕਾਮੇ ਸ਼ਾਮਲ ਹੁੰਦੇ ਹਨ।

ਪ੍ਰਿਪਿਕ ਕਹਿੰਦੀ ਹਨ, "ਸਭ ਤੋਂ ਵਧੀਆ ਨਤੀਜੇ ਉਦੋਂ ਪ੍ਰਾਪਤ ਹੁੰਦੇ ਹਨ ਜਦੋਂ ਫਰੰਟਲਾਈਨ ਕਾਮੇ ਜੋਖਮ ਦੇ ਮੁਲਾਂਕਣ ਅਤੇ ਨਿਯੰਤਰਣ ਨੂੰ ਲਾਗੂ ਕਰਨ ਵਿੱਚ ਸਰਗਰਮੀ ਨਾਲ ਜੁਟੇ ਹੁੰਦੇ ਹਨ।"

ਠੰਡ ਦੇ ਹਾਲਾਤ ਵਿੱਚ ਕੰਮ ਕਰਨ ਸੰਬੰਧੀ ਜੇ ਕਾਮਿਆਂ ਜਾਂ ਕੰਮ-ਮਾਲਕਾਂ ਦੇ ਸਵਾਲ ਹਨ ਤਾਂ ਉਨ੍ਹਾਂ ਨੂੰ worksafebc.com 'ਤੇ ਉਪਲਬਧ ਸਰੋਤਾਂ ਤਕ ਪਹੁੰਚ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ, ਕੰਮ-ਮਾਲਕ ਅਤੇ ਕਾਮੇ WorkSafeBC ਦੀ ਪ੍ਰੀਵੈਨਸ਼ਨ ਇਨਫਾਰਮੇਸ਼ਨ ਲਾਈਨ ਨੂੰ **1-888-621-7233** 'ਤੇ ਫੋਨ ਕਰ ਸਕਦੇ ਹਨ।

-30-

**ਵਸੀਲੇ Resources**

- [ਠੰਡ ਕਾਰਣ ਤਣਾਅ Cold stress]
- [ਸਰਦੀਆਂ ਵਿੱਚ ਡਰਾਈਵਿੰਗ Winter driving]
- [ਸਰਦੀਆਂ ਮੁਤਾਬਕ ਤਬਦੀਲੀ ਕਰੋ Shift into winter]
- [ਤਿਲਕਣਾ, ਲੜਖੜਾਉਣਾ, ਅਤੇ ਡਿੱਗਣਾ Slips, trips, and falls]

## WorkSafeBC ਬਾਰੇ About WorkSafeBC

*WorkSafeBC ਬ੍ਰਿਟਿਸ਼ ਕੋਲੰਬੀਆ ਵਿੱਚ ਸੱਟ, ਬਿਮਾਰੀ, ਅਤੇ ਅਪੰਗਤਾ ਦੀ ਰੋਕਥਾਮ ਕਰਨ ਲਈ ਕਾਮਿਆਂ ਅਤੇ ਕੰਮ-ਮਾਲਕਾਂ ਨਾਲ ਤਾਲਮੇਲ ਕਰਦੀ ਹੈ। ਜਦੋਂ ਕੰਮ ਨਾਲ ਸੰਬੰਧਤ ਸੱਟਾਂ ਜਾਂ ਬਿਮਾਰੀਆਂ ਵਾਪਰਦੀਆਂ ਹਨ, ਉਦੋਂ WorkSafeBC ਲੋਕਾਂ ਨੂੰ ਮੁਆਵਜ਼ਾ ਦਿੰਦੀ ਹੈ ਅਤੇ ਉਨ੍ਹਾਂ ਦੀ ਮੁੜ-ਸਿਹਤਯਾਬੀ, ਮੁੜ-ਵਸੇਬੇ, ਅਤੇ ਕੰਮ 'ਤੇ ਸੁਰੱਖਿਅਤ ਵਾਪਸੀ ਵਿੱਚ ਸਹਾਇਤਾ ਪ੍ਰਦਾਨ ਕਰਾਉਂਦੀ ਹੈ। ਅਸੀਂ ਸਾਰੇ ਬ੍ਰਿਟਿਸ਼ ਕੋਲੰਬੀਆ ਵਿੱਚ 2.6 ਮਿਲੀਅਨ ਕਾਮਿਆਂ ਅਤੇ 270,000 ਰੁਜ਼ਗਾਰਦਾਤਾਵਾਂ ਨੂੰ ਸੇਵਾਵਾਂ ਦਿੰਦੇ ਹਾਂ।*

**ਵਧੇਰੇ ਜਾਣਕਾਰੀ ਲਈ, ਸੰਪਰਕ ਕਰੋ: For more information, contact:**

ਮੀਡੀਆ ਰਿਲੇਸ਼ਨਜ਼, WorkSafeBC
ਈਮੇਲ: media@worksafebc.com
ਫੋਨ: 604-276-5157